# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

# 20:30

**ਮਿਤੀ: 22-09-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਗੁਜਰਾਤ ਵਿਖੇ 72ਵੇਂ ਰਾਸ਼ਟਰੀ ਫਿਲਮ ਅਵਾਰਡ ਪ੍ਰਦਾਨ ਕੀਤੇ. ਪ੍ਰਸਿੱਧ ਅਦਾਕਾਰ ਅਨੰਤ ਨਾਗ ਨੂੰ ਵੱਕਾਰੀ ਦਾਦਾ ਸਾਹਿਬ ਫਾਲਕੇ ਅਵਾਰਡ ਨਾਲ ਨਿਵਾਜ਼ਿਆ ਗਿਆ।

- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਏ ਕਿ ਨਸ਼ੀਲੇ ਪਦਾਰਥਾਂ ਖਿਲਾਫ਼ ਇੱਕ ਸਖ਼ਤ ਅਤੇ ਫੈਸਲਾਕੁੰਨ ਵਾਰ ਕਰਨ ਦਾ ਸਮਾਂ ਆ ਗਿਆ ਏ. ਕਿਹਾ ਕਿ 2029 ਤੱਕ ਸਰਕਾਰ ਭਾਰਤ ਤੋਂ ਨਸ਼ੀਲੇ ਪਦਾਰਥਾਂ ਦੇ ਵਪਾਰ ਨੂੰ ਜੜ੍ਹੋਂ ਪੁੱਟ ਦਏਗੀ.

- ਭਾਰਤ ਨੇ ਪਾਕਿਸਤਾਨ ਵੱਲੋਂ ਕੁਨਾਰ ਅਤੇ ਪਕਤਿਕਾ ਸੂਬਿਆਂ ਵਿੱਚ ਅਫਗਾਨਿਸਤਾਨ 'ਤੇ ਕੀਤੇ ਗਏ ਹਵਾਈ ਹਮਲਿਆਂ ਦੀ ਸਖ਼ਤ ਨਿਖੇਧੀ ਕੀਤੀ ਏ.

- UDAN ਯੋਜਨਾ ਦੇ ਅਗਲੇ ਪੜਾਅ ਤਹਿਤ 21 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨਾਲ ਸਮਝੌਤਾ ਪੱਤਰ (MoU) 'ਤੇ ਦਸਤਖਤ ਕੀਤੇ.

- ਏਸ਼ਿਆਈ ਖੇਡਾਂ 'ਚ ਭਾਰਤ ਦੀ ਮਰਦਾਂ ਦੀ ਬੈਡਮਿੰਟਨ ਟੀਮ ਨੇ ਕੁਆਰਟਰ ਫਾਈਨਲ ਵਿੱਚ ਮੇਜ਼ਬਾਨ ਜਾਪਾਨ ਨੂੰ ਹਰਾ ਕੇ ਤਮਗਾ ਪੱਕਾ ਕੀਤਾ।

## ***ਹੁਣ ਖਬਰਾਂ ਵਿਸਥਾਰ ਨਾਲ***

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਜ਼ੋਰ ਦੇ ਕੇ ਕਿਹਾ ਏ ਕਿ ਸਿਨੇਮਾ ਭਾਰਤ ਦੀ ਵਿਸ਼ਾਲ ਸੱਭਿਆਚਾਰਕ ਭਿੰਨਤਾ ਨੂੰ ਦਰਸਾਉਂਦਾ ਏ ਅਤੇ ਵੱਖ-ਵੱਖ ਭਾਸ਼ਾਵਾਂ, ਖੇਤਰੀ ਦ੍ਰਿਸ਼ਟੀਕੋਣਾਂ ਅਤੇ ਸਮੂਹਿਕ ਰਾਸ਼ਟਰੀ ਇੱਛਾਵਾਂ ਨੂੰ ਜੋੜਨ ਵਾਲੇ ਪੁਲ ਦਾ ਕੰਮ ਕਰਦਾ ਏ । ਗੁਜਰਾਤ ਦੇ ਏਕਤਾ ਨਗਰ ਵਿਖੇ ਇਤਿਹਾਸਕ 72ਵੇਂ ਰਾਸ਼ਟਰੀ ਫਿਲਮ ਅਵਾਰਡ ਸਮਾਰੋਹ ਨੂੰ ਸੰਬੋਧਨ ਕਰਦਿਆਂ, ਰਾਸ਼ਟਰਪਤੀ ਮੁਰਮੂ ਨੇ ਅਵਾਰਡ ਹਾਸਿਲ ਕਰਨ ਵਾਲੇ ਸਾਰੇ ਕਲਾਕਾਰਾਂ ਅਤੇ ਫਿਲਮ ਨਿਰਮਾਤਾਵਾਂ ਨੂੰ ਵਧਾਈ ਦਿੱਤੀ, ਤੇ ਭਾਰਤੀ ਸਿਨੇਮਾ ਵਿੱਚ ਉਨ੍ਹਾਂ ਦੇ ਬੇਮਿਸਾਲ ਰਚਨਾਤਮਕ ਯੋਗਦਾਨ ਦੀ ਸ਼ਲਾਘਾ ਕੀਤੀ। ਰਾਸ਼ਟਰਪਤੀ ਨੇ ਕਿਹਾ ਕਿ ਭਾਰਤੀ ਸਿਨੇਮਾ ਦੇਸ਼ ਦੇ ਸਾਂਝੇ ਸੁਪਨਿਆਂ ਅਤੇ ਸਮਾਜਿਕ ਯਾਤਰਾ ਦਾ ਵਿਖਾਲਾ ਕਰਨ ਵਿੱਚ ਇੱਕ ਅਹਿਮ ਭੂਮਿਕਾ ਨਿਭਾਉਂਦਾ ਏ -

byte

ਰਚਨਾਤਮਕ ਸਨਅਤ ਅੰਦਰ ਵਧੇਰੇ ਸਮਾਵੇਸ਼ ਅਤੇ ਪ੍ਰਤੀਨਿਧਤਾ ਲਈ ਕਹਿੰਦਿਆਂ, ਰਾਸ਼ਟਰਪਤੀ ਨੇ ਫਿਲਮ ਜਿਊਰੀਆਂ ਅਤੇ ਫੈਸਲਾ ਲੈਣ ਵਾਲੀਆਂ ਸੰਸਥਾਵਾਂ ਵਿੱਚ ਔਰਤਾਂ ਦੀ ਵੱਧ ਤੋਂ ਵੱਧ ਹਿੱਸੇਦਾਰੀ ਦੀ ਵਕਾਲਤ ਕੀਤੀ। ਰਾਸ਼ਟਰਪਤੀ ਨੇ ਫਿਲਮ ਨਿਰਮਾਣ ਦੀ ਰੀੜ੍ਹ ਬਣਨ ਵਾਲੇ ਕਰੂ ਮੈਂਬਰਾਂ ਲਈ ਕਿਰਤ ਦੀ ਇੱਜ਼ਤ ਅਤੇ ਨਿਰਪੱਖ ਵਿਹਾਰ ਨੂੰ ਸੁਰੱਖਿਅਤ ਕਰਨ ਦੇ ਮਹੱਤਵ 'ਤੇ ਵੀ ਜ਼ੋਰ ਦਿੱਤਾ. 72ਵੇਂ ਰਾਸ਼ਟਰੀ ਫਿਲਮ ਅਵਾਰਡਾਂ ਵਿੱਚ  ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸਾਲ 2024 ਲਈ ਦੇਸ਼ ਭਰ ਦੇ ਕੁੱਲ 92 ਅਵਾਰਡ ਜੇਤੂਆਂ ਨੂੰ ਸਨਮਾਨਿਤ ਕੀਤਾ। ਪ੍ਰਸਿੱਧ ਅਦਾਕਾਰ ਅਨੰਤ ਨਾਗ ਨੂੰ ਪੰਜ ਦਹਾਕਿਆਂ ਤੋਂ ਵੱਧ ਸਮੇਂ ਤੱਕ ਭਾਰਤੀ ਸਿਨੇਮਾ ਵਿੱਚ ਸ਼ਾਨਦਾਰ ਯੋਗਦਾਨ ਲਈ 2024 ਲਈ ਵੱਕਾਰੀ ਦਾਦਾ ਸਾਹਿਬ ਫਾਲਕੇ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।

byte

ਫੀਚਰ ਫਿਲਮ ਸ਼੍ਰੇਣੀ ਵਿੱਚ, ਸਿਆਸੀ ਥ੍ਰਿਲਰ ਆਰਟੀਕਲ 370 ਨੇ ਬਿਹਤਰੀਨ ਫੀਚਰ ਫਿਲਮ ਲਈ ਸਵਰਨ ਕਮਲ ਹਾਸਿਲ ਕੀਤਾ। ਨਿਰਦੇਸ਼ਕ ਰਣਦੀਪ ਹੁੱਡਾ ਨੂੰ ਸਵਤੰਤਰ ਵੀਰ ਸਾਵਰਕਰ ਲਈ ਬਿਹਤਰੀਨ ਡੈਬਿਊ ਨਿਰਦੇਸ਼ਕ ਦਾ ਅਵਾਰਡ ਮਿਲਿਆ, ਜਦੋਂ ਕਿ ਨਾਗ ਅਸ਼ਵਿਨ ਸਿੰਗੀਰੇਡੀ ਦੀ ਸਾਇੰਸ ਫਿਕ੍ਸ਼ਿਨ ਫ਼ਿਲਮ 'ਕਲਕੀ, ਨੇ ਸੰਪੂਰਨ ਮਨੋਰੰਜਨ ਪ੍ਰਦਾਨ ਕਰਨ ਵਾਲੀ ਬਿਹਤਰੀਨ ਪ੍ਰਸਿੱਧ ਫ਼ਿਲਮ ਦਾ ਅਵਾਰਡ ਜਿੱਤਿਆ। ਰਾਜਕੁਮਾਰ ਪੇਰੀਆਸਾਮੀ ਨੂੰ ਤਾਮਿਲ ਫ਼ਿਲਮ 'ਅਮਰਨ' ਲਈ ਬਿਹਤਰੀਨ ਨਿਰਦੇਸ਼ਕ ਦੀ ਟਰਾਫੀ ਮਿਲੀ। ਅਦਾਕਾਰੀ ਸ਼੍ਰੇਣੀਆਂ ਵਿੱਚ, ਪ੍ਰਮੁੱਖ ਭੂਮਿਕਾ ਵਿੱਚ ਬਿਹਤਰੀਨ ਅਦਾਕਾਰ ਦਾ

ਅਵਾਰਡ ਸਾਂਝੇ ਤੌਰ 'ਤੇ ਅਨੁਭਵੀ ਅਦਾਕਾਰ ਮਾਮੂਟੀ ਨੂੰ ਬ੍ਰਮਾਯੁਗਮ ਲਈ ਅਤੇ ਕਾਰਤਿਕ ਆਰੀਅਨ ਨੂੰ ਚੰਦੂ ਚੈਂਪੀਅਨ ਲਈ ਦਿੱਤਾ ਗਿਆ। ਯਾਮੀ ਗੌਤਮ ਨੂੰ ਆਰਟੀਕਲ 370 ਵਿੱਚ ਪ੍ਰਮੁੱਖ ਭੂਮਿਕਾ ਲਈ ਓਹਨਾਂ ਦੀ ਕਾਰਗੁਜ਼ਾਰੀ ਵਾਸਤੇ ਬਿਹਤਰੀਨ ਅਦਾਕਾਰਾ ਦਾ ਅਵਾਰਡ ਮਿਲਿਆ।

-----------------------------------------------------

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਏ ਕਿ ਨਸ਼ੀਲੇ ਪਦਾਰਥ, ਜੋ ਕਿ ਦੇਸ਼ ਅਤੇ ਦੁਨੀਆ ਲਈ ਇੱਕ ਗੰਭੀਰ ਖ਼ਤਰਾ ਬਣ ਗਏ ਨੇ, ਖਿਲਾਫ  ਇੱਕ ਸਖ਼ਤ ਅਤੇ ਫੈਸਲਾਕੁੰਨ ਵਾਰ ਕਰਨ ਦਾ ਸਮਾਂ ਆ ਗਿਆ ਏ, ਅੱਜ ਨਵੀਂ ਦਿੱਲੀ ਵਿੱਚ ਨਸ਼ੀਲੇ ਪਦਾਰਥਾਂ ਵਿਰੋਧੀ ਟਾਸਕ ਫੋਰਸ (ਏ.ਐਨ.ਟੀ.ਐਫ) ਦੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਮੁਖੀਆਂ ਦੀ ਤੀਜੀ ਰਾਸ਼ਟਰੀ ਕਾਨਫਰੰਸ ਦਾ ਉਦਘਾਟਨ ਕਰਦੇ ਹੋਏ, ਸ਼੍ਰੀ ਸ਼ਾਹ ਨੇ ਕਿਹਾ ਕਿ ਨੌਜਵਾਨਾਂ ਦੀ ਭਲਾਈ ਨੂੰ ਬਿਹਤਰ ਬਣਾਉਣ ਦੇ ਉਦੇਸ਼ ਨਾਲ, ਸਰਕਾਰ ਨੇ 2029 ਦਾ ਰੋਡਮੈਪ ਤਿਆਰ ਕੀਤਾ ਏ । ਉਨ੍ਹਾਂ ਕਿਹਾ ਕਿ 2029 ਤੱਕ ਸਰਕਾਰ ਭਾਰਤ ਤੋਂ ਨਸ਼ੀਲੇ ਪਦਾਰਥਾਂ ਦੇ ਵਪਾਰ ਨੂੰ ਜੜ੍ਹੋਂ ਪੁੱਟਣ ਵਿੱਚ ਸਮੂਹਿਕ ਤੌਰ 'ਤੇ ਸਫਲ ਹੋਵੇਗੀ। ਗ੍ਰਹਿ ਮੰਤਰੀ ਨੇ ਕਿਹਾ ਕਿ 2047 ਤੱਕ ਵਿਕਸਿਤ ਭਾਰਤ ਬਣਾਉਣ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਨਸ਼ੀਲੇ ਪਦਾਰਥਾਂ ਤੋਂ ਮੁਕਤ ਭਾਰਤ ਦਾ ਰੋਡਮੈਪ ਬੇਹਦ ਅਹਿਮ ਏ. ਉਨ੍ਹਾਂ ਕਿਹਾ ਕਿ ਨਸ਼ੀਲੇ ਪਦਾਰਥਾਂ ਵਿਰੁੱਧ ਇਸ ਲੜਾਈ ਵਿੱਚ, ਭਾਰਤ ਟੀਚਾ, ਸਮਾਂ-

ਸੀਮਾ ਅਤੇ ਜਵਾਬਦੇਹੀ ਨਿਰਧਾਰਤ ਕਰਕੇ ਪੂਰੀ ਜਿੱਤ ਵੱਲ ਵਧ ਰਿਹਾ ਏ। ਮੰਤਰੀ ਨੇ ਅਧਿਕਾਰੀਆਂ ਨੂੰ ਨੈੱਟਵਰਕ ਨੂੰ ਖਤਮ ਕਰਨ ਦੇ ਉਦੇਸ਼ ਨਾਲ ਅੱਗੇ ਵਧਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਜਿਲ੍ਹਿਆਂ ਨੂੰ ਨਸ਼ਿਆਂ ਵਿਰੁੱਧ ਲੜਾਈ ਦੀ ਮੁੱਢਲੀ ਇਕਾਈ ਬਣਾਉਣਾ ਹੋਵੇਗਾ। ਸ੍ਰੀ ਸ਼ਾਹ ਨੇ ਦੱਸਿਆ ਕਿ ਨਾਸ਼ਮੁਕਤ ਮਿੱਤਰ ਦੇਸ਼ ਦੇ 10 ਲੱਖ ਸਕੂਲਾਂ, ਕਾਲਜਾਂ ਅਤੇ ਸੰਸਥਾਵਾਂ ‘ਚ ਜਾਣਗੇ ਤਾਂ ਜੋ ਨੌਜਵਾਨਾਂ ਵਿੱਚ ਜਾਗਰੂਕਤਾ ਪੈਦਾ ਕੀਤੀ ਜਾ ਸਕੇ ਅਤੇ ਕੈਂਪਸ ਡਾਇਰੈਕਟਰਾਂ ਨੂੰ ਸੰਵੇਦਨਸ਼ੀਲ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ, ਅਗਲੇਰੀ – ਪਿਛਲੇਰੀ ਜਾਂਚ ਦੇ ਨਾਲ-ਨਾਲ, ਮਾਲੀ ਜਾਂਚ ਅਤੇ ਡਿਜੀਟਲ ਲਿੰਕ ਲੱਭਣਾ ਤਰਜੀਹ ਹੋਣੀ ਚਾਹੀਦੀ ਏ। ਉਨ੍ਹਾਂ ਕਿਹਾ ਕਿ, ਭਾਰਤ ਵਿੱਚ ਮੌਜੂਦ ਵਿਦੇਸ਼ੀ ਮੁਲਜ਼ਮਾਂ ਨੂੰ ਵਾਪਸ ਭੇਜਣ ਅਤੇ ਉਨ੍ਹਾਂ ਨੂੰ ਕਾਲੀ ਸੂਚੀ ‘ਚ ਪਾਉਣ ਲਈ ਇੱਕ ਮੁਹਿੰਮ ਸ਼ੁਰੂ ਕਰਨੀ ਪਵੇਗੀ, ਤਾਂ ਜੋ ਉਹ ਦੁਬਾਰਾ ਭਾਰਤ ਨਾ ਆ ਸਕਣ।

---------------------------------------------------------------

ਭਾਰਤ ਨੇ ਪਾਕਿਸਤਾਨ ਵੱਲੋਂ ਕੁਨਾਰ ਅਤੇ ਪਕਤਿਕਾ ਸੂਬਿਆਂ ਵਿੱਚ ਅਫਗਾਨਿਸਤਾਨ 'ਤੇ ਕੀਤੇ ਗਏ ਹਵਾਈ ਹਮਲਿਆਂ ਦੀ ਸਖ਼ਤ ਨਿਖੇਧੀ ਕੀਤੀ ਏ. ਅੱਜ ਸ਼ਾਮ ਨਵੀਂ ਦਿੱਲੀ ਵਿੱਚ ਮੀਡੀਆ ਨੂੰ ਸੰਬੋਧਨ ਕਰਦਿਆਂ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਇੱਕ ਪ੍ਰਭੂਸੱਤਾ ਸੰਪੰਨ ਗੁਆਂਢੀ ਵਿਰੁੱਧ ਹਮਲੇ ਦੀਆਂ ਅਜਿਹੀਆਂ ਘਟਨਾਵਾਂ ਖੇਤਰੀ ਸ਼ਾਂਤੀ ਅਤੇ ਸੁਰੱਖਿਆ ਦੇ ਖਿਲਾਫ਼ ਨੇ. ਉਨ੍ਹਾਂ ਨੇ ਅਫਗਾਨਿਸਤਾਨ, ਇਸਦੀ ਆਜ਼ਾਦੀ, ਪ੍ਰਭੂਸੱਤਾ, ਖੇਤਰੀ ਅਖੰਡਤਾ ਦੇ

ਨਾਲ-ਨਾਲ ਇਸਦੇ ਲੋਕਾਂ ਦੀ ਭਲਾਈ ਲਈ ਮਜ਼ਬੂਤ ਹਮਾਇਤ ਦੀ ਪੁਸ਼ਟੀ ਕੀਤੀ। ਬੁਲਾਰੇ ਨੇ ਹਵਾਈ ਹਮਲਿਆਂ ਵਿੱਚ ਮਾਰੇ ਗਏ ਨਾਗਰਿਕਾਂ ਦੀਆਂ ਜਾਨਾਂ 'ਤੇ ਸੰਵੇਦਨਾ ਪ੍ਰਗਟ ਕੀਤੀ ਅਤੇ ਜ਼ਖਮੀਆਂ ਦੀ ਜਲਦੀ ਸਿਹਤਯਾਬੀ ਦੀ ਕਾਮਨਾ ਕੀਤੀ. ਪਾਕਿਸਤਾਨ ਦੇ ਫੀਲਡ ਮਾਰਸ਼ਲ ਅਸੀਮ ਮੁਨੀਰ ਦੇ ਇਸ ਬਿਆਨ 'ਤੇ, ਕਿ ਪਾਕਿਸਤਾਨ ਦੀਆਂ ਹਥਿਆਰਬੰਦ ਫੌਜਾਂ ਦਹਿਸ਼ਤਗਰਦੀ ਨੂੰ ਹਰਾਉਣ ਲਈ ਦ੍ਰਿੜ ਨੇ, ਸ਼੍ਰੀ ਜੈਸਵਾਲ ਨੇ ਕਿਹਾ ਕਿ ਪਾਕਿਸਤਾਨ ਨੂੰ ਕਾਰਵਾਈ ਅਤੇ ਦ੍ਰਿੜ ਵਚਨਬੱਧਤਾ ਦਾ ਵਿਖਾਲਾ ਕਰਨ ਦੀ ਲੋੜ ਏ । ਉਨ੍ਹਾਂ ਕਿਹਾ ਕਿ ਇਸਲਾਮਾਬਾਦ ਨੂੰ ਸਰਹੱਦ ਪਾਰ ਦਹਿਸ਼ਤਗਰਦੀ ਵਿਰੁੱਧ ਭਰੋਸੇਯੋਗ ਕਾਰਵਾਈ ਕਰਨੀ ਚਾਹੀਦੀ ਏ, ਇਸ ਤੋਂ ਪਹਿਲਾਂ ਕਿ ਦੁਨੀਆ ਉਨ੍ਹਾਂ ਦੀ ਗੱਲ 'ਤੇ ਵਿਸ਼ਵਾਸ ਕਰੇ।

---

ਅੱਜ ਨਵੀਂ ਦਿੱਲੀ ਵਿੱਚ ਉਡਾਨ (ਉਡੇ ਦੇਸ਼ ਕਾ ਆਮ ਨਾਗਰਿਕ) ਯੋਜਨਾ ਦੇ ਅਗਲੇ ਪੜਾਅ ਤਹਿਤ 21 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨਾਲ ਸਮਝੌਤਾ ਪੱਤਰ 'ਤੇ ਦਸਤਖਤ ਕੀਤੇ । ਇਸ ਮੌਕੇ 'ਤੇ ਬੋਲਦਿਆਂ, ਸ਼ਹਿਰੀ ਹਵਾਬਾਜ਼ੀ ਮੰਤਰੀ ਰਾਮਮੋਹਨ ਨਾਇਡੂ ਨੇ ਉਡਾਨ ਨੂੰ ਦੇਸ਼ ਦੀਆਂ ਸਭ ਤੋਂ ਕ੍ਰਾਂਤੀਕਾਰੀ ਯੋਜਨਾਵਾਂ ਵਿੱਚੋਂ ਇੱਕ ਦੱਸਿਆ, ਜੋ ਦੇਸ਼ ਭਰ ਵਿੱਚ ਖੇਤਰੀ ਹਵਾਈ ਸੰਪਰਕ ਨੂੰ ਅੱਗੇ ਵਧਾਉਂਦੀ ਹੈ। ਅਗਲੇ ਪੜਾਅ ਲਈ ਦ੍ਰਿਸ਼ਟੀਕੋਣ ਨੂੰ ਉਜਾਗਰ ਕਰਦੇ ਹੋਏ, ਮੰਤਰੀ ਨੇ ਕਿਹਾ ਕਿ ਯੋਜਨਾ ਦੇ ਹੋਰ 10 ਸਾਲਾਂ

ਲਈ ਪਸਾਰ ਤੋਂ ਬਾਅਦ, ਸਰਕਾਰ ਦਾ ਟੀਚਾ ਦੇਸ਼ ਭਰ ਵਿੱਚ 100 ਨਵੇਂ ਹਵਾਈ ਅੱਡੇ ਅਤੇ 200 ਆਧੁਨਿਕ ਹੈਲੀਪੋਰਟ ਜਾਂ ਹੈਲੀਪੈਡ ਬਣਾਉਣ ਦਾ ਏ ।

---------------------------------------------------------

ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਅੱਜ ਕਿਹਾ ਏ ਕਿ ਭਾਰਤ ਆਉਣ ਵਾਲੇ ਦਹਾਕਿਆਂ ਵਿੱਚ ਵਿਸ਼ਵ ਊਰਜਾ ਮੰਗ ਨੂੰ ਅੱਗੇ ਵਧਾਉਣ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਰਹੇਗਾ। ਸ਼੍ਰੀ ਪੁਰੀ ਨੇ ਨਵੀਂ ਦਿੱਲੀ ਵਿੱਚ ਓਪੇਕ-ਭਾਰਤ ਊਰਜਾ ਗੱਲਬਾਤ ਦੀ ਸੱਤਵੀਂ ਉੱਚ-ਪੱਧਰੀ ਮੀਟਿੰਗ ਦੀ ਸਹਿ-ਪ੍ਰਧਾਨਗੀ ਕੀਤੀ। ਮੀਟਿੰਗ ਵਿੱਚ ਤੇਲ ਬਾਜ਼ਾਰ ਸਥਿਰਤਾ, ਊਰਜਾ ਸੁਰੱਖਿਆ ਅਤੇ ਤੇਲ ਸਨਅਤ ਵਿੱਚ ਢੁੱਕਵੇਂ ਅਤੇ ਸਮੇਂ ਸਿਰ ਨਿਵੇਸ਼ ਦੀ ਮਹੱਤਤਾ 'ਤੇ ਚਰਚਾ ਕੀਤੀ ਗਈ।

---------------------------------------------------------

ਕੁਆਲਾਲੰਪੁਰ ਵਿੱਚ ਭਾਰਤੀ ਹਾਈ ਕਮਿਸ਼ਨ ਨੇ ਸੈਲਾਨੀ ਵੀਜ਼ੇ 'ਤੇ ਮਲੇਸ਼ੀਆ ਦੀ ਯਾਤਰਾ ਕਰਨ ਵਾਲੇ ਭਾਰਤੀ ਨਾਗਰਿਕਾਂ ਨੂੰ ਰੁਜ਼ਗਾਰ ਤਲਾਸ਼ਣ ਪ੍ਰਤੀ ਆਗਾਹ ਕੀਤਾ ਏ. ਇੱਕ ਸਲਾਹ ਵਿੱਚ, ਹਾਈ ਕਮਿਸ਼ਨ ਨੇ ਕਿਹਾ ਏ ਕਿ ਰੁਜ਼ਗਾਰ ਦੀ ਭਾਲ ਲਈ 30 ਦਿਨਾਂ ਦੀ ਵੀਜ਼ਾ-ਮੁਕਤ ਸਹੂਲਤ ਦੀ ਵਰਤੋਂ ਕਰਦੇ ਹੋਏ ਮਲੇਸ਼ੀਆ ਪਹੁੰਚਣ ਵਾਲੇ ਭਾਰਤੀ ਨਾਗਰਿਕਾਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋਇਆ ਏ । ਬਹੁਤ ਸਾਰੇ ਭਾਰਤੀ ਨਾਗਰਿਕਾਂ ਨੂੰ ਬੇਈਮਾਨ ਏਜੰਟ, ਰੁਜ਼ਗਾਰ ਦੇ ਝੂਠੇ ਵਾਅਦੇ ਕਰਕੇ ਲੁਭਾਉਂਦੇ ਨੇ. ਇਸ ਨਾਲ ਓਵਰਸਟੇ, ਗੈਰ-ਕਾਨੂੰਨੀ ਤੌਰ ‘ਤੇ

ਠਹਿਰਨਾ, ਸ਼ੋਸ਼ਣ, ਹਿਰਾਸਤ ਅਤੇ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਹੁੰਦੀ ਏ। ਸਲਾਹ ਵਿੱਚ ਕਿਹਾ ਗਿਆ ਏ ਕਿ ਇਹ ਇਮੀਗ੍ਰੇਸ਼ਨ ਨੇਮਾਂ ਦੀ ਸਪੱਸ਼ਟ ਉਲੰਘਣਾ ਏ |

-----------------------------------------------------------

ਕੇਂਦਰੀ ਸੜ੍ਹਕ ਆਵਾਜਾਈ ਅਤੇ ਸ਼ਾਹਰਾਹ ਮੰਤਰੀ ਨਿਤਿਨ ਗਡਕਰੀ ਨੇ ਕਿਹਾ ਏ ਕਿ ਖੇਤੀਬਾੜੀ ਖੇਤਰ ਵਿੱਚ ਤਕਨੋਲਜੀ, ਨਵੀਨਤਾ ਅਤੇ ਖੋਜ ਨੂੰ ਉਤਸ਼ਾਹਿਤ ਕਰਨਾ ਭਾਰਤੀ ਕਿਸਾਨਾਂ ਲਈ ਜ਼ਰੂਰੀ ਏ। ਨਵੀਂ ਦਿੱਲੀ ਵਿੱਚ ਰਾਸ਼ਟਰੀ ਸਹਿਕਾਰੀ ਖੰਡ ਫੈਕਟਰੀ ਕੁਸ਼ਲਤਾ ਅਵਾਰਡ (NFCSF) ਸਮਾਰੋਹ 'ਚ ਬੋਲਦਿਆਂ, ਉਨ੍ਹਾਂ ਇਹ ਗੱਲ ਕਹੀ |

-----------------------------------------------------------

ਅੱਜ ਪਹਿਲੇ ਪਾਤਸ਼ਾਹ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤ ਸਮਾਉਣ ਦਾ ਦਿਹਾੜਾ ਏ. ਦਿੱਲੀ ਦੇ ਮੁੱਖ ਮੰਤਰੀ ਰੇਖਾ ਗੁਪਤਾ ਨੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਦੇ ਦਿਵਸ 'ਤੇ ਸ਼ਰਧਾਂਜਲੀ ਭੇਟ ਕੀਤੀ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀਮਤੀ ਗੁਪਤਾ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਪਿਆਰ, ਸਮਾਨਤਾ, ਦਇਆ ਅਤੇ ਨਿਰਸਵਾਰਥ ਸੇਵਾ ਦਾ ਰਸਤਾ ਦਿਖਾਇਆ। ਸ਼੍ਰੀਮਤੀ ਗੁਪਤਾ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਦਾ ਚਾਨਣ ਹਮੇਸ਼ਾ ਮਨੁੱਖਤਾ ਦਾ ਮਾਰਗਦਰਸ਼ਨ ਕਰਦਾ ਰਹੇਗਾ.

---------------------------------------------------------

ਭਾਰਤ ਦੀ ਮਰਦਾਂ ਦੀ ਬੈਡਮਿੰਟਨ ਟੀਮ ਨੇ ਕੁਆਰਟਰ ਫਾਈਨਲ ਵਿੱਚ ਮੇਜ਼ਬਾਨ ਜਾਪਾਨ ਨੂੰ ਹਰਾ ਕੇ ਏਸ਼ਿਆਈ ਖੇਡਾਂ ਵਿੱਚ ਆਪਣਾ ਤਮਗਾ ਪੱਕਾ ਕਰ ਲਿਆ ਏ । ਭਾਰਤੀ ਮੁੱਕੇਬਾਜ਼ ਜਾਦੂਮਣੀ ਸਿੰਘ ਨੇ ਮਰਦਾਂ ਦੇ 55 ਕਿਲੋਗ੍ਰਾਮ ਸ਼ੁਰੂਆਤੀ ਦੌਰ ਵਿੱਚ ਪ੍ਰੀ-ਕੁਆਰਟਰ ਵਿੱਚ ਥਾਂ ਬਣਾਈ ਇਸ ਤੋਂ ਪਹਿਲਾਂ, ਸਾਕਸ਼ੀ ਚੌਧਰੀ ਨੇ ਪ੍ਰੀ-ਕੁਆਰਟਰ ਵਿੱਚ ਪ੍ਰਵੇਸ਼ ਕੀਤਾ ।

---------------------------------------------------------

ਮਰਦਾਂ ਦੇ ਕ੍ਰਿਕੇਟ ਵਿੱਚ, ਭਾਰਤ ਨੇ ਅੱਜ ਸਾਨੋ ਵਿਖੇ ਮੀਂਹ ਨਾਲ ਪ੍ਰਭਾਵਿਤ, ਪੰਜ ਓਵਰਾਂ ਦੇ twenty-20 ਅੰਤਰਰਾਸ਼ਟਰੀ ਮੈਚ ਵਿੱਚ ਮੇਜ਼ਬਾਨ ਜਾਪਾਨ ਨੂੰ ਦੋ ਦੌੜਾਂ ਨਾਲ ਹਰਾ ਦਿੱਤਾ.

---------------------------------------------------------

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਗੁਜਰਾਤ  ਵਿਖੇ 72ਵੇਂ ਰਾਸ਼ਟਰੀ ਫਿਲਮ ਅਵਾਰਡ ਪ੍ਰਦਾਨ ਕੀਤੇ. ਪ੍ਰਸਿੱਧ ਅਦਾਕਾਰ ਅਨੰਤ ਨਾਗ ਨੂੰ ਵੱਕਾਰੀ ਦਾਦਾ ਸਾਹਿਬ ਫਾਲਕੇ ਅਵਾਰਡ ਨਾਲ ਨਿਵਾਜ਼ਿਆ ਗਿਆ।

- ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਕਿਹਾ ਏ ਕਿ ਨਸ਼ੀਲੇ ਪਦਾਰਥਾਂ ਖਿਲਾਫ਼ ਇੱਕ ਸਖ਼ਤ ਅਤੇ ਫੈਸਲਾਕੁੰਨ ਵਾਰ ਕਰਨ ਦਾ

ਸਮਾਂ ਆ ਗਿਆ ਏ. ਕਿਹਾ ਕਿ 2029 ਤੱਕ ਸਰਕਾਰ ਭਾਰਤ ਤੋਂ ਨਸ਼ੀਲੇ ਪਦਾਰਥਾਂ ਦੇ ਵਪਾਰ ਨੂੰ ਜੜ੍ਹੋਂ ਪੁੱਟ ਦਏਗੀ.

- ਭਾਰਤ ਨੇ ਪਾਕਿਸਤਾਨ ਵੱਲੋਂ ਕੁਨਾਰ ਅਤੇ ਪਕਤਿਕਾ ਸੂਬਿਆਂ ਵਿੱਚ ਅਫਗਾਨਿਸਤਾਨ 'ਤੇ ਕੀਤੇ ਗਏ ਹਵਾਈ ਹਮਲਿਆਂ ਦੀ ਸਖ਼ਤ ਨਿਖੇਧੀ ਕੀਤੀ ਏ.

- UDAN ਯੋਜਨਾ ਦੇ ਅਗਲੇ ਪੜਾਅ ਤਹਿਤ 21 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨਾਲ ਸਮਝੌਤਾ ਪੱਤਰ (MoU) 'ਤੇ ਦਸਤਖਤ ਕੀਤੇ.

- ਏਸ਼ਿਆਈ ਖੇਡਾਂ ‘ਚ ਭਾਰਤ ਦੀ ਮਰਦਾਂ ਦੀ ਬੈਡਮਿੰਟਨ ਟੀਮ ਨੇ ਕੁਆਰਟਰ ਫਾਈਨਲ ਵਿੱਚ ਮੇਜ਼ਬਾਨ ਜਾਪਾਨ ਨੂੰ ਹਰਾ ਕੇ ਤਮਗਾ ਪੱਕਾ ਕੀਤਾ।

--------------------------------------------------

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਰਾਸ਼ਟਰੀ ਖ਼ਬਰਾਂ ਦਾ ਬੁਲੇਟਿਨ, ਭਲਕੇ ਸਵੇਰੇ 8 ਵਜ ਕੇ 30 ਮਿੰਟ 'ਤੇ ਹੋਏਗਾ। ਨਮਸਕਾਰ!**